# ਦਫ਼ਤਰ ਜਿਲ੍ਹਾ ਮੈਜਿਸਟਰੇਟ, ਬਰਨਾਲਾ

(ਐਮ.ਏ ਸ਼ਾਖਾ)

**ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਹੁਕਮ ਜ਼ਿਲ੍ਹਾ ਬਰਨਾਲਾ।**

**ਹੁਕਮ ਨੰ:...231.../ਐਮ.ਏ.** **ਮਿਤੀ...25/04../2019**

## ਹੁਕਮ

ਨਿਮਨ-ਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਆਮ ਸੜਕਾਂ ਤੇ ਬਹੁਤ ਸਾਰੇ ਅਜਿਹੇ ਵਹੀਕਲ ਜੋ ਮੋਟਰ ਵਹੀਕਲ ਐਕਟ 1988 ਦੇ ਨਿਯਮਾਂ ਅਨੁਸਾਰ ਸੜਕਾਂ ਤੇ ਚੱਲਣਯੋਗ ਹੀ ਨਹੀਂ, ਉਹਨਾਂ ਵਹੀਕਲਾਂ ਦੇ ਮਾਲਕਾਂ, ਪ੍ਰਬੰਧਕਾਂ ਜਾਂ ਉਹਨਾਂ ਦੇ ਮੁਲਾਜਮਾਂ ਵੱਲੋਂ ਚਲਾਏ ਜਾਂਦੇ ਹਨ ਜਿਸ ਨਾਲ ਅਜਿਹੇ ਵਹੀਕਲ ਨਾ ਸਿਰਫ ਸਰਕਾਰੀ ਹਦਾਇਤਾਂ ਤਹਿਤ ਬਣੇ ਪ੍ਰਦੂਸ਼ਣ ਤੇ ਨਿਯਮਾਂ ਦੀ ਉਲੰਘਣਾ ਕਰਦੇ ਹਨ ਬਲਕਿ ਅਜਿਹੇ ਵਹੀਕਲਜ ਬਹੁਤ ਸਾਰੇ ਕੇਸਾਂ ਵਿੱਚ ਭਿਆਨਕ ਸੜਕ ਦੁਰਘਟਨਾਵਾਂ ਦਾ ਵੀ ਕਾਰਨ ਬਣਦੇ ਹਨ ਜਿਸ ਨਾਲ ਆਮ ਜਨਤਾ ਦੀ ਸਿਹਤ, ਜਿੰਦਗੀ ਅਤੇ ਸੁਰੱਖਿਆ ਤੇ ਬਹੁਤ ਮਾੜਾ ਅਸਰ ਪੈਂਦਾ ਹੈ ਅਤੇ ਅਜਿਹੇ ਵਹੀਕਲਾਂ ਵੱਲੋਂ ਕੀਤੀਆਂ ਗਈਆਂ ਦੁਰਘਟਨਾਵਾਂ ਕਾਰਨ ਨਾ ਸਿਰਫ ਅਮਨ-ਕਾਨੂੰਨ ਭੰਗ ਹੁੰਦਾ ਹੈ ਬਲਕਿ ਅਜਿਹੇ ਵਹੀਕਲ ਲੋਕਾਂ ਵਿੱਚ ਲੜਾਈ ਝਗੜੇ ਦਾ ਕਾਰਨ ਵੀ ਬਣ ਜਾਂਦੇ ਹਨ। ਉਕਤ ਵਹੀਕਲਾਂ ਵੱਲੋਂ ਕੀਤੀਆਂ ਗਈਆਂ ਅਜਿਹੀਆਂ ਕੁਤਾਹੀਆਂ ਦਿਨ ਪ੍ਰਤੀ ਦਿਨ ਵਧਦੀਆਂ ਜਾ ਰਹੀਆਂ ਹਨ। ਇਸ ਲਈ ਇਹ ਜਰੂਰੀ ਹੋ ਗਿਆ ਹੈ ਕਿ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਤੇ ਰੋਕ ਲਾਉਣ ਲਈ ਹੁਕਮ ਜਾਰੀ ਕੀਤਾ ਜਾਵੇ।

ਇਸ ਲਈ ਮੈਂ, **ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਬਰਨਾਲਾ** ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਹੁਕਮ ਦਿੰਦਾ ਹਾਂ ਕਿ ਵਹੀਕਲਾਂ ਦੇ ਮਾਲਕ, ਪ੍ਰਬੰਧਕ, ਉਹਨਾਂ ਦੇ ਮੁਲਾਜਮ ਜਾਂ ਪ੍ਰਤੀਨਿਧੀ ਅਜਿਹੇ ਕਿਸੇ ਵੀ ਵਹੀਕਲ ਨੂੰ ਜਿਲ੍ਹਾ ਬਰਨਾਲਾ ਦੀਆਂ ਸੜਕਾਂ, ਪ੍ਰਾਈਵੇਟ ਮਾਰਕੀਟਾਂ ਜਾਂ ਹੋਰ ਪਬਲਿਕ ਪਲੇਸਾਂ ਤੇ ਨਹੀਂ ਚਲਾਉਣਗੇ, ਜੋ ਮੋਟਰ ਵਹੀਕਲ ਐਕਟ 1988 ਦੇ ਤਹਿਤ ਬਣੇ ਨਿਯਮਾਂ ਅਨੁਸਾਰ ਸੜਕਾਂ ਤੇ ਚੱਲਣ ਦੇ ਯੋਗ ਨਹੀਂ ਹਨ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ। ਆਮ ਜਨਤਾ ਨੂੰ ਸੰਬੋਧਨ ਕਰਨ ਹਿੱਤ ਇਸ ਹੁਕਮ ਸਬੰਧੀ ਜਿਲ੍ਹਾ ਲੋਕ ਸੰਪਰਕ ਅਫ਼ਸਰ, ਬਰਨਾਲਾ ਵੱਲੋਂ ਪ੍ਰਚਾਰ/ਮੁਨਾਦੀ ਕਰਵਾਈ ਜਾਵੇ ਅਤੇ ਇਸ ਹੁਕਮ ਦੀਆਂ ਕਾਪੀਆਂ ਪੁਲਿਸ ਸਟੇਸ਼ਨਾਂ/ਨਗਰ ਪਾਲਿਕਾਵਾਂ/ਸਦਰ ਮੁਕਾਮਾਂ/ਉਪ ਮੰਡਲ ਮੈਜਿਸਟਰੇਟ/ਤਹਿਸੀਲਦਾਰ ਦਫਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਪੱਧਰ ਦੀਆਂ ਨੁਮਾਇਆ ਥਾਵਾਂ ਤੇ ਪਬਲਿਕ ਦੀ ਜਾਣਕਾਰੀ ਹਿੱਤ ਚਸਪਾ ਕੀਤੀਆਂ ਜਾਣ।

**ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ, ਜੋ ਮਿਤੀ: 26/04/2019 ਤੋਂ ਲੈਕੇ ਮਿਤੀ: 25/06/2019 ਤੱਕ ਜਿਲ੍ਹਾ ਬਰਨਾਲਾ ਅੰਦਰ ਲਾਗੂ ਰਹੇਗਾ।**

ਜਿਲ੍ਹਾ ਮੈਜਿਸਟਰੇਟ ਬਰਨਾਲਾ

**ਤੇਜ ਪ੍ਰਤਾਪ ਸਿੰਘ ਫੂਲਕਾ,** ਆਈ.ਏ.ਐਸ.
**ਜਿਲ੍ਹਾ ਮੈਜਿਸਟਰੇਟ, ਬਰਨਾਲਾ।**

**ਪਿੱਠ ਅੰਕਣ ਨੰ:...6021-6075.../ਐਮ.ਏ.** **ਮਿਤੀ:...25/04../2019**

**ਉਕਤ ਦਾ ਉਤਾਰਾ ਨਿਮਨ-ਲਿਖਤ ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ ਚੰਡੀਗੜ੍ਹ।
3) ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਚੰਡੀਗੜ੍ਹ।
4) ਸਕੱਤਰ ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ, ਚੰਡੀਗੜ੍ਹ।
5) ਕਮਿਸ਼ਨਰ, ਪਟਿਆਲਾ ਮੰਡਲ, ਪਟਿਆਲਾ।
6) ਡੀ.ਆਈ.ਜੀ. ਪਟਿਆਲਾ, ਰੇਂਜ ਪਟਿਆਲਾ।
7) ਜਿਲ੍ਹਾ ਮੈਜਿਸਟਰੇਟ, ਫਰੀਦਕੋਟ/ਫਿਰੋਜਪੁਰ/ਲੁਧਿਆਣਾ/ਜਲੰਧਰ/ਅੰਮ੍ਰਿਤਸਰ/ਕਪੂਰਥਲਾ/ਹੁਸ਼ਿਆਰਪੁਰ/ਪਟਿਆਲਾ/ਮਾਨਸਾ/ ਮੁਕਤਸਰ/ਮੋਗਾ/ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸਹਿਰ) /ਫਤਿਹਗੜ੍ਹ ਸਾਹਿਬ/ਸੰਗਰੂਰ/ ਗੁਰਦਾਸਪੁਰ/ ਫਾਜ਼ਿਲਕਾ/ ਪਠਾਨਕੋਟ/ਰੂਪਨਗਰ/ਬਠਿੰਡਾ/ਅਜੀਤਗੜ੍ਹ(ਐਸ.ਏ.ਐਸ.ਨਗਰ-ਮੋਹਾਲੀ)/ਤਰਨਤਾਰਨ।
8) ਜਿਲ੍ਹਾ ਅਤੇ ਸੈਸ਼ਨ ਜੱਜ, ਬਰਨਾਲਾ।
9) ਸੀਨੀਅਰ ਕਪਤਾਨ ਪੁਲਿਸ, ਬਰਨਾਲਾ।
10) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ।
11) ਉਪ ਮੰਡਲ ਮੈਜਿਸਟਰੇਟ,ਬਰਨਾਲਾ/ਤਪਾ।
12) ਜਿਲ੍ਹਾ ਸਿੱਖਿਆ ਅਫ਼ਸਰ (ਸੈਕੰ/ਐਲੀ), ਬਰਨਾਲਾ।
13) ਵਾਤਾਵਰਣ ਇੰਜੀਨੀਅਰ, ਪ੍ਰਦੂਸ਼ਣ ਕੰਟਰੋਲ ਬੋਰਡ, ਬਰਨਾਲਾ ਐਟ ਸੰਗਰੂਰ।
14) ਤਹਿਸੀਲਦਾਰ,ਬਰਨਾਲਾ/ਤਪਾ ਅਤੇ ਨਾਇਬ ਤਹਿਸੀਲਦਾਰ ਬਰਨਾਲਾ/ਭਦੌੜ/ਤਪਾ/ਧਨੌਲਾ/ਮਹਿਲਕਲਾਂ।
15) ਜਿਲ੍ਹਾ ਅਟਾਰਨੀ (ਲੀਗਲ), ਬਰਨਾਲਾ।
16) ਜਿਲ੍ਹਾ ਲੋਕ ਸੰਪਰਕ ਅਫ਼ਸਰ ਬਰਨਾਲਾ ਪਾਸ ਪ੍ਰੈਸ ਨੋਟ ਜਾਰੀ ਕਰਨ ਅਤੇ ਪ੍ਰਚਾਰ ਕਰਨ ਹਿੱਤ।
17) ਜਿਲ੍ਹਾ ਮਾਲ ਅਫ਼ਸਰ, ਬਰਨਾਲਾ/ਡੀ.ਡੀ.ਪੀ.ਓ. ਬਰਨਾਲਾ।
18) ਕਾਰਜਸਾਧਕ ਅਫ਼ਸਰ, ਨਗਰ ਕੌਂਸਲ ਬਰਨਾਲਾ/ਧਨੌਲਾ/ਤਪਾ/ਭਦੌੜ/ਨਗਰ ਪੰਚਾਇਤ ਹੰਡਿਆਇਆ/ਨਗਰ ਸੁਧਾਰ ਟਰੱਸਟ ਬਰਨਾਲਾ।
19) ਪੀ.ਏ. ਟੂ ਡੀ.ਐਮ./ਸਟੈਨੋਗਰਾਫਰ ਟੂ ਏ.ਡੀ.ਐਮ./ਏ.ਸੀ.(ਜ/ਸ਼ਿ) ਬਰਨਾਲਾ ਪਾਸ ਅਫ਼ਸਰ ਸਹਿਬਾਨ ਦੀ ਜਾਣਕਾਰੀ ਹਿੱਤ।

ਵਾ: ਜਿਲ੍ਹਾ ਮੈਜਿਸਟਰੇਟ
ਬਰਨਾਲਾ।